**ਬਰਸੀ 'ਤੇ ਵਿਸ਼ੇਸ਼**

ਗੁਰਮੇਲ ਸਿੰਘ ਬੌਡੇ

# ਅਦਭੁਤ ਸੋਝੀ ਤੇ ਖੋਜੀ ਦਾ ਮਾਲਕ ਬਾਬਾ ਚੜ੍ਹਤ ਸਿੰਘ



ਬੁੱਧੀ ਕੁਦਰਤ ਦੀ ਦੇਣ ਹੈ। ਇਹ ਸਕੂਲਾਂ-ਕਾਲਜਾਂ ਦੀ ਮੁਥਾਜ ਨਹੀਂ। ਬੌਧਿਕ ਚੇਤਨਤਾ ਹੀ ਇਸ ਦਾ ਦੂਸਰਾ ਰੂਪ ਹੈ। ਕੀ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਬਾਬਾ ਫਰੀਦ ਜੀ, ਵਾਰਿਸ ਸ਼ਾਹ ਕਿਸੇ ਸਕੂਲ ਵਿਚ ਪੜ੍ਹੇ ਸਨ। ਲੇਖਕਾਂ ਵਿਚੋਂ ਨਾਨਕ ਸਿੰਘ ਤੇ ਜਸਵੰਤ ਕੰਵਲ ਵੀ ਮੈਟ੍ਰਿਕ ਤੱਕ ਪੜ੍ਹੇ ਸਨ। ਪਰ ਉਨ੍ਹਾਂ ਦੀਆਂ ਲਿਖਤਾਂ ਮਹਾਂਵਿਦਿਆਲਿਆ (ਯੂਨੀਵਰਸਿਟੀਆਂ) ਦਾ ਅਹਿਮ ਖਜ਼ਾਨਾ ਹਨ ਜਿਨ੍ਹਾਂ ਤੇ ਯੂਨੀਵਰਸਿਟੀ ਦੇ ਵਿਦਿਆਰਥੀ ਪੀ.ਐਚ.ਡੀ. ਕਰ ਰਹੇ ਹਨ। ਪੀ.ਐਚ.ਡੀ. ਕਰਨ ਵਾਲਿਆਂ ਨੇ ਸਿਰਫ਼ ਤਿੰਨ ਘੰਟਿਆਂ ਦੀ ਪ੍ਰੀਖਿਆ ਵਿਚ ਲਿਖ ਕੇ ਡਿਗਰੀਆਂ ਹਾਸਲ ਕੀਤੀਆਂ ਹੁੰਦੀਆਂ ਹਨ। ਇਸ ਕਰਕੇ ਸਕੂਲੀ ਪੱਧਰ ਤੋਂ ਲੈ ਕੇ ਯੂਨੀਵਰਸਿਟੀ ਦੀ ਸਿੱਖਿਆ ਤੱਕ ਦੀ ਪੜ੍ਹਾਈ ਬੌਧਿਕ ਚੇਤਨਤਾ ਤੋਂ ਵੱਖਰੀ ਹੈ।


ਇਹਨਾਂ ਸਾਰੇ ਲੇਖਕਾਂ ਦੀ ਕਲਮ ਦਾ ਖੇਤਰ ਆਮ ਸਧਾਰਨ ਮਨੁੱਖ, ਸਧਾਰਨ ਕਿਸਾਨ ਮਜ਼ਦੂਰ ਸੀ। ਸਾਡਾ ਸਮਾਜ ਰਿਸ਼ਤਿਆਂ ਦੀ ਟੁੱਟ-ਭੱਜ, ਪਦਾਰਥਿਕ ਦੌੜ, ਮਨੁੱਖੀ ਸੁਭਾਓ 'ਚੋਂ ਇਕ ਪਾਸੇ ਇਮਾਨਦਾਰੀ, ਵਫਾਦਾਰੀ, ਹਲੀਮੀ ਤੇ ਦੂਸਰੇ ਪਾਸੇ ਲੋਭ, ਲਾਲਚ 'ਚ ਗਰੱਸੇ ਹੋਏ ਹੰਕਾਰੀ ਪਾਤਰ ਕਹਾਣੀ ਦੀ ਗੋਂਦ ਨੂੰ ਅੱਗੇ ਤੋਰਦੇ ਸਨ।

ਮੈਂ ਮਹਿਸੂਸ ਕਰਦਾ ਹਾਂ ਕਿ ਸ. ਚੜ੍ਹਤ ਸਿੰਘ ਵੀ ਹਾਂ-ਪੱਖੀ, ਮਨੁੱਖਤਾਵਾਦੀ, ਸਬਰ ਸਿਰੜ ਸਿਦਕ ਵਫਾਦਾਰੀ ਤੇ ਜ਼ੁਬਾਨ ਦੇ ਪੱਕੇ ਮਨੁੱਖ ਸਨ। ਉਹਨਾਂ ਦੀ ਜੀਵਨ ਧੁਰੀ ਇਹਨਾਂ ਹੀ ਅਸੂਲਾਂ ਦੁਆਲੇ ਘੁੰਮਦੀ ਹੈ। ਉਹ ਆਪਣੇ ਘਰ ਪਰਿਵਾਰ ਨੂੰ ਚਲਾਉਣ ਪ੍ਰਤੀ ਆਪਣੇ ਪਰਿਵਾਰ ਪ੍ਰਤੀ ਬਣਦੇ ਫਰਜ਼ਾਂ ਪ੍ਰਤੀ ਪ੍ਰਤੀਬੱਧ ਸਨ। ਜੋ ਕੁਝ ਉਹਨਾਂ ਨੂੰ ਬਚਪਨ ਵਿਚ ਨਹੀਂ ਮਿਲਿਆ ਉਹ ਉਹਨਾਂ ਨੇ ਆਪਣੇ ਬੱਚਿਆਂ, ਪੋਤਰਿਆਂ, ਦੋਹਤਰੀਆਂ, ਦੋਹਤੇ ਅਤੇ ਪੜਪੋਤਰਿਆਂ ਤੇ ਰੱਜ ਕੇ ਲੁਟਾਇਆ।

ਮਾਂ-ਬਾਪ ਤੋਂ ਸੱਖਣਾ ਤੇ ਯਤੀਮ ਅਵਸਥਾ ਹੰਢਾਉਣ ਵਾਲਾ ਮਨੁੱਖ ਅਕਸਰ ਕੁਰਾਹੇ ਪੈ ਜਾਂਦਾ ਹੈ। ਪਰ ਸ. ਚੜ੍ਹਤ ਸਿੰਘ ਦੀ ਫ਼ਿਤਰਤ ਅਜਿਹੀ ਨਹੀਂ ਸੀ। ਜੋ ਮਨੁੱਖ ਬਿਗਾਨੀਆਂ ਬਰੂਹਾਂ ਤੇ ਇਕ ਰੋਟੀ ਲਈ ਤਰਸਿਆ ਹੋਵੇ ਉਹ ਆਪਣੇ ਘਰ ਆਏ ਦੀ ਚੁਟਕੀ ਡੁੱਲ੍ਹੀ ਵੀ ਮਹਿਸੂਸ ਕਰਦਾ ਸੀ। ਉਸਨੂੰ ਅਹਿਸਾਸ ਸੀ ਕਿ ਆਟੇ ਦੀ ਚੁਟਕੀ ਨੇ ਉਸਦੇ ਕਿੰਨੇ ਜਜ਼ਬਾਤਾਂ ਦਾ ਘਾਣ ਕੀਤਾ ਸੀ। ਉਹ ਕਿਹੜਾ ਕੰਮ ਸੀ ਜੋ ਤੁਹਾਨੂੰ ਨਹੀਂ ਸੀ ਆਉਂਦਾ। ਰੱਸੇ ਪੈੜੇ ਵੱਟਣ, ਮੰਜੇ ਬਣਨ, ਕਮਾਦ ਘੜਨਾ, ਫਸਲ 'ਚੋਂ ਨਦੀਨ ਪੁੱਟਣਾ, ਘਰ ਦੀ ਸਬਜ਼ੀ ਲਗਾਉਣਾ, ਗੱਲਬਾਤ ਕਰਨਾ ਸਭ ਵਿਚ ਤੁਸੀਂ ਮਾਹਿਰ ਸੀ।

ਉਹਨਾਂ ਪੂਰੀ ਤਨਦੇਹੀ ਨਾਲ ਖੇਤੀ ਕੀਤੀ। ਉਹਨਾਂ ਦੀ ਜ਼ਿੰਦਗੀ ਖੇਤਾਂ ਪ੍ਰਤੀ ਸਮਰਪਿਤ ਸੀ। ਉਹ ਖੇਤਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਨਾਲ ਸਮਾਨ ਵਿਵਹਾਰ ਕਰਦੇ ਸਨ। ਪਰ ਉਹ ਝੂਠ, ਕੂੜ, ਕਪਟ ਦੇ ਸਖ਼ਤ ਖਿਲਾਫ਼ ਸਨ। ਉਨ੍ਹਾਂ ਨੂੰ ਪੂਰਾ ਗਿਆਨ ਹੁੰਦਾ ਸੀ ਕਿ ਕਮਾਦ ਦੇ ਖੇਤ ਦੇ ਇਕ ਮੜੇ ਵਿਚ ਕਿੰਨੇ ਗੰਨੇ ਹਨ। ਖੇਤ 'ਚੋਂ ਪੱਠੇ ਕਿੰਨੇ ਨਰਮਾ (ਨਾਪ) ਤੱਕ ਵੱਢੇ ਗਏ ਹਨ। ਕਣਕ, ਮੱਕੀ, ਕਪਾਹ ਆਦਿ ਬਾਰੇ ਉਹਨਾਂ ਦੀ ਡੂੰਘੀ ਵਾਕਫੀਅਤ ਸੀ। ਖੇਤ ਦੀ ਲੋੜ ਪਛਾਣਦੇ ਹੋਏ ਉਹ ਆਪਣੇ ਹੱਥੀਂ ਕਣਕ-ਕਪਾਹ, ਮੱਕੀ, ਬਰਸੀਮ ਤੇ ਸਰੋਂ ਬੀਜਦੇ ਸਨ। ਖੇਤਾਂ ਵਿਚ ਛੱਲੀਆਂ ਕੱਢਦੇ ਸਨ। ਕਦੀ ਤਾਂ ਇੰਜ ਲੱਗਦਾ ਸੀ ਜਿਵੇਂ ਖੇਤ ਉਹਨਾਂ ਨਾਲ ਗੱਲਾਂ ਕਰਦੇ ਹੋਏ। ਉਨ੍ਹਾਂ ਦੀ ਆਪਣੀ ਕਿਰਤ ਅਤੇ ਕਿੱਤੇ ਪ੍ਰਤੀ ਅਦਭੁੱਤ ਸੋਝੀ ਸੀ। ਇੰਜ ਲੱਗਦਾ ਜਿਵੇਂ ਉਹ ਉਨ੍ਹਾਂ ਨੂੰ ਬੁਲਾਉਂਦੇ ਹੋਏ ਤੇ ਉਸ ਨੂੰ ਸੈਨਤ ਨਾਲ ਆਪਣੇ ਤੇ ਬੀਤੀ ਦੱਸਦੇ ਹੋਣ। ਉਹ ਮਸ਼ੀਨਰੀ ਨਾਲੋਂ ਹੱਥੀਂ ਖੇਤੀ ਕਰਨ ਨੂੰ ਤਰਜੀਹ ਦਿੰਦੇ ਸਨ। ਉਹ ਆਪਣੇ ਹੱਥ 'ਚ ਤੱਕੜੀ ਫੜ ਕੇ ਵੱਟਾ ਪਾ ਕੇ ਪਹਿਲਾਂ ਬਰਕਤ ਫੇਰ ਬਹੁਤੇ ਤੇ ਫੇਰ ਉਸ ਸਮੇਂ ਦੇ ਤੋਲ ਪੈਮਾਨਿਆਂ ਨਾਲ ਬੋਹਲ ਜੋਖਦੇ ਸਨ। ਆਪਣੀ ਕਿਰਤ ਨੂੰ ਖੁਦ ਮੰਡੀ ਲੈ ਕੇ ਜਾਂਦੇ ਸਨ। ਫਸਲ ਖਰੀਦਣ ਵਾਲੇ ਆੜ੍ਹਤੀਆਂ ਨੌਹਰਚੰਦ ਹੋਰਾਂ ਨਾਲ ਦੋਸਤਾਨਾ ਸਬੰਧ ਸਨ ਤੇ ਉਹਨਾਂ ਨਾਲ ਵਿਆਹਾਂ-ਸ਼ਾਦੀਆਂ ਤੇ ਆਉਣ ਜਾਣ ਸੀ। ਜੇ ਜੱਟ ਤੇ ਸਾਂਝੀ ਨਾਲ ਉਹ ਬਰਾਬਰੀ ਰੱਖਦੇ ਸਨ ਤਾਂ ਆੜ੍ਹਤੀਆਂ ਨਾਲ ਵੀ ਉਹਨਾਂ ਨਾਲ ਸਬੰਧ ਦੋਸਤਾਨਾ ਸਨ। ਸ. ਚੜ੍ਹਤ ਸਿੰਘ ਦਾ ਤੋਲਿਆ ਬੋਹਲ ਆੜ੍ਹਤੀਆਂ ਦੇ ਪੈਮਾਨਿਆਂ ਤੇ ਪੂਰਾ ਉਤਰਦਾ ਸੀ। ਕੁਝ ਰਕਮ ਉਹਨਾਂ ਤੋਂ ਲੈ ਕੇ, ਲੈਣ-ਦੇਣ ਦੇ ਕੇ ਬਾਕੀ ਰਕਮ ਉਹਨਾਂ ਕੋਲ ਜਮ੍ਹਾ ਕਰਵਾ ਦਿੰਦੇ ਸਨ। ਸਾਰੀ ਉਮਰ ਉਹਨਾਂ ਦਾ ਇਕ ਹੀ ਆੜ੍ਹਤੀਆ ਰਿਹਾ ਕਿਸੇ ਲਾਲਚ ਕਾਰਨ ਅੱਜ ਕਿਸੇ ਹੋਰ, ਕੱਲ੍ਹ ਨੂੰ ਕਿਸੇ ਹੋਰ ਨਾਲ ਤੇ ਫੇਰ ਮਨ ਮੁਟਾਵ ਕਰਕੇ ਕਿਸੇ ਤੀਸਰੇ ਕੋਲ ਜਾ ਕੇ ਫਸਲ ਵਚੇਣ ਦਾ ਹੋਛਾ ਢੰਗ ਉਹਨਾਂ ਨੇ ਜ਼ਿੰਦਗੀ ਵਿਚ ਨਹੀਂ ਸੀ ਅਪਣਾਇਆ। ਸਹਿਕਾਰੀ ਸੁਸਾਇਟੀਆਂ, ਕੱਪੜੇ ਲੱਤੇ ਦੀਆਂ ਦੁਕਾਨਾਂ, ਘਰ ਲਈ ਲੂਣ-ਤੇਲ-ਖੰਡ ਆਦਿ ਦੀਆਂ ਦੁਕਾਨਾਂ ਦੇ ਲੈਣ-ਦੇਣ ਦੇ ਉਹ ਖਰੇ ਸਨ। ਇਸ ਕਰਕੇ ਇਹ ਸਾਰੇ ਲੋਕ ਉਸ ਦੀ ਇੱਜ਼ਤ ਕਰਦੇ ਸਨ ਉਹਨਾਂ ਦੇ ਸਰੀਰਕ ਚੋਲਾ ਛੱਡਣ ਤੋਂ ਬਾਅਦ ਸਭ ਅੰਤਮ ਅਰਦਾਸ 'ਚ ਆਏ। ਹਰ ਇਕ ਦੇ ਬੁੱਲ੍ਹਾਂ ਤੇ ਇਹੀ ਬੋਲ ਸਨ ਕਿ ਬਾਬਾ ਚੜ੍ਹਤ ਸਿੰਘ ਕੋਈ ਨਹੀਂ ਬਣ ਸਕਦਾ। ਇਹ ਸਾਰੇ ਪਿੰਡ ਦੀ ਭਾਖਿਆ ਸੀ ਪਰ ਉਸ ਦੇ ਧੀਆਂ-ਪੁੱਤਰ ਉਸ ਦੇ ਕਦਮ ਚਿਨ੍ਹਾਂ ਤੇ ਨਹੀਂ ਚੱਲ ਸਕੇ। ਸਗੋਂ ਘਰੇਲੂ ਗ੍ਰਹਿ ਯੁੱਧ ਤੇ ਮਨ-ਮੁਟਾਵ ਦਾ ਸ਼ਿਕਾਰ ਹੋ ਗਏ ਕਿਉਂਕਿ ਸ. ਚੜ੍ਹਤ ਸਿੰਘ ਦੇ ਮੁਕਾਬਲੇ ਉਹਨਾਂ ਦਾ ਬੌਧਿਕ ਪੱਧਰ ਬਹੁਤ ਨੀਵਾਂ ਸੀ।

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



ਉਹਨਾਂ ਨੂੰ ਖੋਜੀ ਬਿਰਤੀ ਦਾ ਮਾਲਕ ਇਸ ਕਰਕੇ ਵੀ ਕਹਿ ਸਕਦੇ ਹਾਂ ਕਿ ਜੇ ਖੇਤੋਂ ਕੋਈ ਚੋਰੀ ਪੱਠੇ ਵੱਢ ਕੇ ਲਿਜਾਂਦਾ ਜਾਂ ਗੰਨਾ ਪੁੱਟ ਕੇ ਜਿੱਥੇ ਬਹਿ ਕੇ ਚੂਪਦਾ ਤਾਂ ਉਹ ਦੱਸ ਦਿੰਦੇ ਕਿ ਫਲਾਣੇ ਨੇ ਪੱਠੇ ਵੱਢੇ ਹਨ ਤੇ ਫਲਾਣੇ ਨੇ ਗੰਨਾ ਪੁੱਟਿਆ ਹੈ। ਫਲਾਣਿਆਂ ਦੀ ਬੁੜੀ ਨੇ ਸਾਗ ਤੋੜਿਆ ਹੈ। ਜੇ ਉਸਦੇ ਆਪਣੇ ਪੁੱਤਰ ਵੀ ਕਿਸੇ ਦੇ ਖੇਤੋਂ ਗੰਨਾ ਜਾਂ ਮੱਕੀ ਦੀਆਂ ਛੱਲੀਆਂ ਤੋੜਦੇ ਤਾਂ ਉਹ ਬੁਰਾ ਮਨਾਉਂਦੇ ਕਿ ਆਪਣੇ ਖੇਤ ਸਭ ਕੁਝ ਹੁੰਦੇ ਸੁੰਦੇ ਦੂਸਰੇ ਦੇ ਖੇਤ ਚੋਰੀ ਕਿਉਂ ਕੀਤੀ? ਮਾਤਾ ਵੀ ਕਿਸੇ ਦੇ ਖੇਤੋਂ ਚੋਰੀ ਲਿਆਂਦੀਆਂ ਛੱਲੀਆਂ ਖਾਣ ਨੂੰ ਜ਼ਹਿਰ ਸਮਝਦੀ ਸੀ। ਉਹ ਤਾਂ ਇਹ ਵੀ ਦੱਸ ਦਿੰਦੇ ਸਨ ਕਿ ਇਸ ਮਿਰਚਾਂ ਦੇ ਜਾਂ ਰਾਮ ਤੋਰੀਆਂ ਦੀ ਵੇਲ ਨੂੰ ਕਿੰਨੀਆਂ ਤੋਰੀਆਂ ਜਾਂ ਮਿਰਚਾਂ ਲੱਗੀਆਂ ਹਨ।

ਸਮੇਂ ਨੇ ਉਹਨਾਂ ਨੂੰ ਹਰ ਕੰਮ ਵਿਚ ਮੁਹਾਰਤ ਬਖਸ਼ੀ ਸੀ। ਜੇ ਗਿਆਨ ਕੌਰ ਉਸ ਦੀ ਬੇਟੀ ਜਾਂ ਨੂੰਹ ਕਪਾਹ ਚੁਗਣ ਗਈਆਂ ਹੁੰਦੀਆਂ ਤਾਂ ਉਹ ਆਟਾ ਗੁੰਨ ਕੇ ਖੁਦ ਰੋਟੀ ਤਿਆਰ ਕਰ ਲੈਂਦੇ। ਖੇਤੋਂ ਲਿਆਂਦੀਆਂ ਭਿੰਡੀਆਂ ਦੀ ਸਬਜ਼ੀ 'ਚ ਲੱਸੀ ਪਾ ਕੇ ਤਰੀ ਵਾਲੀਆਂ ਭਿੰਡੀਆਂ ਬਣਾ ਲੈਂਦੇ। ਛਿਆਲੀ ਸਾਲ ਹੋ ਗਏ ਬਾਪੂ ਜੀ ਤੋਂ ਬਿਨਾਂ ਤਰੀ ਵਾਲੀਆਂ ਭਿੰਡੀਆਂ, ਖਰਬੂਜਿਆਂ ਦੀ ਟਿੰਡੋ ਦੀ ਤੇ ਹੱਥੀਂ ਬਣਾਏ ਕੁਆਰ ਦੀ ਸਬਜ਼ੀ ਦਾ ਸੁਆਦ ਅੱਜ ਵੀ ਚੇਤਿਆਂ 'ਚ ਵਸਿਆ ਹੋਇਆ ਹੈ। ਮੀਟ ਧਰਨ ਦਾ, ਦੀਵਾਲੀ ਵੇਲੇ ਸਾਰੇ ਗਲੀ-ਗੁਆਂਢ ਦੇ ਲੱਡੂ ਵੱਟ ਕੇ ਦੇਣੇ ਸਿਰਫ਼ ਉਹਨਾਂ ਦੇ ਹਿੱਸੇ ਹੀ ਆਇਆ ਸੀ। ਉਹ ਹੱਥੀਂ ਖੋਆ ਕੱਢ ਕੇ ਬਰਫ਼ੀ ਤਿਆਰ ਕਰਦੇ। ਦੀਵਾਲੀ ਦੇ ਤਿਉਹਾਰ ਤੇ ਮੇਰੇ ਲਈ ਪਟਾਕੇ, ਮੋਮਬੱਤੀਆਂ ਲੈ ਕੇ ਆਉਂਦੇ। ਮੇਰੀ ਉਂਗਲ ਫੜ ਕੇ ਜਾਂ ਮੋਢੇ ਤੇ ਬਿਠਾ ਕੇ ਤਖ਼ਤੂਪੁਰੇ ਮੇਲੇ ਤੇ ਲੈ ਕੇ ਜਾਂਦੇ। ਉਸ ਦੇ ਪਿੰਡ ਦੇ ਯਾਰ ਬੇਲੀ ਨਾਲ ਹੁੰਦੇ। ਖੁਸ਼ੀ ਦੇ ਮੌਕੇ ਨਿੱਕਾ-ਮੋਟਾ ਪੈਗ ਵੀ ਲਗਾ ਲੈਂਦੇ ਸਨ। ਇਕ ਵਾਰ ਜਦ 1978 'ਚ ਉਹਨਾਂ ਨੂੰ ਹਾਰਟ ਦੀ ਸ਼ਿਕਾਇਤ ਦਾ ਸ਼ੱਕ ਪਿਆ ਤਾਂ ਡਾਕਟਰ ਗਰਗ ਨੇ ਕਿਹਾ ਸੀ ਕਿ ਸ. ਚੜ੍ਹਤ ਸਿੰਘ ਜੀ ਇਕ ਅੱਧਾ ਪੈਗ ਕਦੇ ਵੀ ਨਹੀਂ ਛੱਡਿਓ ਤੁਹਾਡਾ ਦਿਲ ਤਾਂ ਨੌਜਵਾਨਾਂ ਨਾਲੋਂ ਵੀ ਤੱਕੜਾ ਐ। ਕੌਣ ਕਹਿੰਦੇ ਕਿ ਤੁਹਾਨੂੰ ਹਾਰਟ ਅਟੈਕ ਹੋਜੂ? ਖੁਸ਼ਕਿਸਮਤ ਤੇ ਕਰਮਾਂ ਵਾਲਿਆਂ ਨੂੰ ਅਜਿਹਾ ਬਾਪ ਮਿਲਦਾ ਹੈ। ਜਿਵੇਂ ਕਹਿੰਦੇ ਹਨ ਕਿ ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ। ਉਸੇ ਤਰ੍ਹਾਂ ਕਿਸੇ ਗੁਸਤਾਖੀ, ਝੂਠ ਜਾਂ ਆਪਣਿਆਂ ਨਾਲ ਹੀ ਠੱਗੀ ਮਾਰਨ ਤੇ ਪਤਾ ਲੱਗਣ ਤੇ ਉਹ ਗੁੱਸੇ ਵਿਚ ਆ ਜਾਂਦੇ ਸਨ ਤੇ ਫਿਰ ਤੱਤੇ ਤੱਤੇ ਸ਼ਬਦਾਂ ਦਾ ਭੋਗ ਵੀ ਦੇ ਦਿੰਦੇ ਸਨ। ਖੇਤੀ ਦੀ ਵਾਹੀ 'ਚ ਕੋਈ ਕੁਤਾਹੀ ਉਹ ਬਰਦਾਸ਼ਤ ਨਹੀਂ ਸਨ ਕਰਦੇ।

ਘਰ ਲਈ ਹੀ ਨਹੀਂ ਬਲਕਿ ਸਾਰੇ ਪਿੰਡ ਲਈ ਉਹ ਇਕ ਰੋਲ ਮਾਡਲ ਇਨਸਾਨ ਸਨ। ਸਾਰਾ ਪਿੰਡ ਉਹਨਾਂ ਦੀ ਇੱਜ਼ਤ ਕਰਦਾ ਸੀ। ਉਨ੍ਹਾਂ ਤੋਂ ਹਰ ਕੰਮ ਦੀ ਸਲਾਹ ਲੈਂਦੇ ਸਨ ਤੇ ਲੰਘਦਾ ਕਰਦਾ ਹਰ ਕੋਈ ਉਹਨਾਂ ਦੇ ਪੈਰ ਛੋਹ ਕੇ ਅਸੀਸ ਲੈ ਕੇ ਜਾਣਾ ਆਪਣਾ ਅਕੀਦਾ ਸਮਝਦਾ ਸੀ। ਪਿੰਡ ਦੇ ਕਿਸੇ ਵੀ ਕੰਮ ਖਾਸ ਤੌਰ ਤੇ ਸਕੂਲ ਜਾਂ ਗੁਰਦੁਆਰੇ ਲਈ ਜਾਂ ਸਾਂਝੇ ਕੰਮ ਲਈ ਦਿਲ ਖੋਹਲ ਕੇ ਦਾਨ ਦਿੰਦੇ ਸਨ। ਇਕ ਵਾਰ ਉਹ ਗੁਰਦੁਆਰਾ ਸਾਹਿਬ ਦੇ ਖਜ਼ਾਨਚੀ ਬਣੇ, ਭਾਂਡਿਆਂ ਦੀ ਵੇਲ ਵੀ ਉਹਨਾਂ ਕੋਲ ਆਈ ਪਰ ਉਹਨਾਂ ਨੇ ਇਸ ਪੈਸੇ ਨੂੰ ਕਦੇ ਵੀ ਆਪਣੇ ਰੱਖੇ ਪੈਸਿਆਂ 'ਚ ਨਹੀਂ ਰੱਖਿਆ ਤਾਂ ਜੋ ਅਮਾਨਤ ਵਿਚ ਖਿਆਨਤ ਨਾ ਹੋ ਜਾਵੇ। ਇਕ ਵਾਰ ਗੁਲਜਾਰ ਨਾਮ ਦੇ ਬੰਦੇ ਨੇ ਗੁਰਦੁਆਰੇ ਦੇ ਖਜ਼ਾਨਚੀ ਬਣਨ ਤੇ ਕਿੰਤੂ ਪ੍ਰੰਤੂ ਕੀਤਾ ਤਾਂ ਉਹ ਕੁੰਜੀ ਸੁੱਟ ਕੇ ਤੁਰ ਆਏ ਸਨ। ਕਮੇਟੀ ਉਹਨਾਂ ਦੇ ਮਗਰ-ਮਗਰ ਆਈ ਸੀ ਪਰ ਉਹਨਾਂ ਨੇ ਜੋ ਫੈਸਲਾ ਕਰ ਲਿਆ, ਉਹ ਅਟੱਲ ਹੁੰਦਾ ਸੀ ਤੇ ਉਹਨਾਂ ਨੇ ਅੱਜ ਹੋਰ ਭਲਕ ਹੋਰ ਵਾਲਾ ਦੋਗਲਾ ਕਿਰਦਾਰ ਅਪਨਾ ਕੇ ਥੁੱਕ ਕੇ ਨਹੀਂ ਸੀ ਚੱਟਿਆ। ਜਦ ਕਿ ਉਸਦੇ ਵੱਡੇ ਬੇਟੇ ਉਸ ਦਾ ਇਹ ਗੁਣ ਨਹੀਂ ਅਪਣਾ ਸਕੇ। ਉਹ ਚੜ੍ਹਤ ਸਿੰਘ ਦੀ ਸੋਚ ਦੇ ਸਪੂਤ ਨਹੀਂ।

ਬਜ਼ੁਰਗ ਅਵਸਥਾ 'ਚ ਉਹ ਉਹਨਾਂ ਬਾਰੇ ਸੋਚਦੇ ਕਿ ਉਹਨਾਂ ਦੀ ਪਰਵਰਿਸ਼ 'ਚ ਕਿੱਥੇ ਕਮੀ ਰਹਿ ਗਈ। ਸਮਸ਼ੇਰ ਦੀਆਂ ਸਕੂਲੋਂ ਸ਼ਿਕਾਇਤਾਂ ਆਉਂਦੀਆਂ। ਦੇਵ ਉਸ ਤੇ ਕੋਈ ਚੋਰੀ ਕਰਦੇ ਦੀ ਨਿਗਰਾਨੀ ਰੱਖਦਾ ਤੇ ਉਹਨਾਂ ਨੂੰ ਦੱਸਦਾ। ਇਸ ਕਰਕੇ ਸਮਸ਼ੇਰ ਦੇ ਮੁਕਾਬਲੇ ਦੇਵ ਦਾ ਪੜ੍ਹਨਾ ਜ਼ਰੂਰੀ ਸੀ ਕਿਉਂਕਿ ਜਿਵੇਂ ਉਹ ਖੇਤਾਂ 'ਚ ਮਿਹਨਤੀ ਸੀ ਤਾਂ ਸਮਸ਼ੇਰ ਨਾਲੋਂ ਵੱਧ ਪੜ੍ਹ ਕੇ ਅੱਗੇ ਨਿਕਲ ਸਕਦਾ ਸੀ। ਅਜਿਹਾ ਸੋਚਦੇ ਸਮੇਂ ਜਾਂ ਮੇਰੇ ਨਾਲ ਗੱਲਾਂ ਕਰਦੇ ਸਮੇਂ ਉਹਨਾਂ ਦੀਆਂ ਅੱਖਾਂ ਜਮ ਹੁੰਦੀਆਂ ਤੇ ਉਹ ਅਕਸਰ ਮੇਰੇ ਕੋਲ ਜਾਂ ਮਿਲਣ ਆਲੇ ਕੋਲ ਸ਼ਿਕਾਇਤ ਕਰਦੇ ਕਿ "ਫਲਾਣਾ ਸਿੰਹਾਂ ਬੰਦੇ ਦੀ ਐਨੀ ਉਮਰ ਨਹੀਂ ਹੋਣੀ ਚਾਹੀਦੀ। ਬੰਦਾ ਤੁਰਦਾ ਫਿਰਦਾ ਹੀ ਤੁਰ ਜੇ - ਵੱਡੀ ਉਮਰ ਕੰਢਿਆਂ ਦਾ ਵਿਛਾਉਣਾ ਹੁੰਦੀ ਹੈ।" ਸੱਚਮੁੱਚ ਰੁਪਈਏ ਜਾਂ ਨੋਟ ਤੇ ਬਣੇ ਚਾਰ ਸ਼ੇਰਾਂ ਦੇ ਵੱਖ-ਵੱਖ ਦਿਸ਼ਾਵਾਂ ਵੱਲ ਕੀਤੇ ਮੂੰਹਾਂ ਵਾਂਗ ਹਰ ਇੱਕ ਨੇ ਆਪੋ ਆਪਣੇ ਰਾਹ ਚੁਣੇ ਹੋਏ ਸਨ। ਤੇ ਇਹ ਉਮਰ ਉਹਨਾਂ ਲਈ ਕੰਢਿਆਂ ਦਾ ਵਿਛਾਉਣਾ ਹੀ ਤਾਂ ਸੀ। ਉਹਨਾਂ ਦਾ ਤਾਂ ਬਚਪਨ ਵੀ ਕੰਢਿਆਂ ਦਾ ਵਿਛਾਉਣਾ ਸੀ। ਪਰ ਉਸਨੇ ਆਪਣੇ ਧੀਆਂ ਪੁੱਤਾਂ ਨੂੰ ਫੁੱਲਾਂ ਦਾ ਵਿਛਾਉਣਾ ਦਿੱਤਾ ਸੀ ਤਾਂ ਫਿਰ ਇਹ ਸਭ ਕਿਉਂ? ਕਿਉਂ ਸਾਰੇ ਉਸ ਵੱਲੋਂ ਨਿਭਾਏ ਫਰਜ਼ਾਂ ਨੂੰ ਭੁੱਲ ਗਏ? ਇਸਦਾ ਉਹ ਮੰਥਨ ਕਰਦੇ ਜਿਹੋ ਜਿਹੀ ਪੱਕੀ ਮਿਲਦੀ ਖਾ ਕੇ ਉਸ ਤੇ ਸਬਰ ਕਰ ਲੈਂਦੇ। ਚਾਹ ਦੀ ਜ਼ੁੰਮੇਵਾਰੀ ਤਾਂ ਉਸ ਦੀ ਨੂੰਹ ਨਸੀਬ ਕੌਰ ਨੇ ਬਾਖ਼ੂਬੀ ਨਿਭਾਈ ਸੀ। ਰੋਟੀ ਟੁੱਕ ਦਾ ਦੋਵੇਂ ਮਿਲ ਕੇ ਕਰ ਲੈਂਦੀਆਂ। ਹਰ ਖਾਣੇ 'ਚ ਸੁਆਦ ਹੁੰਦਾ। ਜਦ ਵੱਡੀ ਨੂੰਹ ਵੱਖ ਹੋ ਗਈ ਤੇ ਛੋਟੀ ਮਨੀਲਾ ਚਲੀ ਗਈ ਤੇ ਪਤਨੀ ਇਸ ਵਰੇਸ ਵਿਚ ਵੀ ਉਸਨੂੰ ਤਿਓੜੀਆਂ ਪਾਉਂਦੀ ਜਾਂ ਹਾਜਤ ਨਾਲ ਲਿਬੜੇ ਕੱਪੜਿਆਂ ਨੂੰ ਧੋਂਦੀ ਤਾਂ ਉਹਨਾਂ ਨੂੰ ਇੰਜ ਲੱਗਦਾ ਜਿਵੇਂ ਉਸਦੇ ਜ਼ਖ਼ਮਾਂ ਤੇ ਲੂਣ ਭੁੱਕਿਆ ਜਾ ਰਹੇ।

ਅਖੀਰ ਜ਼ਿੰਦਗੀ ਦੀ ਲੜਾਈ ਲੜਨ ਵਾਲਾ ਫੌਜੀ ਜਿਸਦੀ ਸਖ਼ਸ਼ੀਅਤ ਦੇਖ ਕੇ ਕੋਈ ਨਹੀਂ ਸੀ ਕਹਿੰਦਾ ਕਿ ਉਹ ਅਨਪੜ੍ਹ ਹਨ। ਉਸਦੇ ਪਹਿਨਣ ਪੱਚਰਨ ਤੋਂ ਦੇਖ ਕੇ ਉਹ ਹਰ ਇਕ ਨੂੰ ਪੜ੍ਹਿਆ-ਲਿਖਿਆ ਜਾਂ ਸਰਕਾਰੀ ਰਿਟਾਇਰਡ ਫੌਜੀ ਜਾਂ ਮੁਲਾਜਮ ਲੱਗਦਾ। ਉਹ ਸਮਾਂ ਵੀ ਆਇਆ ਕਿ ਹੱਥ ਵਿਚ ਕਹੀ, ਰੰਬਾ, ਦਾਤੀ ਤੇ ਟੋਕਾ ਫੜ ਕੇ ਖਾਲ ਵੱਟਾ ਘੜਨ ਵਾਲੇ ਕੰਮ ਉਸ ਦੇ ਕੁੜਤੇ ਪਜ਼ਾਮੇ ਦੇ ਬਟਨ ਤੇ ਨਾਲਾ ਬੰਨਣ ਦੀ ਤਾਕਤ ਤੋਂ ਵੀ ਅਸਮਰੱਥ ਹੋ ਗਏ।

18 ਸਤੰਬਰ 2009 ਦੀ ਰਾਤ ਨੂੰ ਰਾਤ ਦੇ ਹਨ੍ਹੇਰੇ ਵਿਚ ਆਪਣੀ ਜ਼ਿੰਦਗੀ ਦਾ ਮੂੰਹ ਢੱਕ ਕੇ ਇਹ ਸਧਾਰਨ ਪਰ ਬਹਾਦਰ ਸੂਰਮਾ ਮਨੁੱਖ ਦੁੱਖਾਂ ਨਾਲ ਭਰੇ ਆਪਣੇ ਦੇਹੀ ਚੋਲੇ ਨੂੰ ਛੱਡ ਕੇ ਰੁਖਸਤੀ ਪਾ ਗਏ।

